# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ
# ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪੰਜਾਬ

ਮੀਮੋ ਨੰ: ਡਿਪਟੀ.ਐਸ.ਪੀ.ਡੀ/ਐਸ.ਐਸ.ਏ/2010/43798-817
ਮਿਤੀ ਚੰਡੀਗੜ੍ਹ : 25.06.2010

ਵਿਸ਼ਾ:- ਜ਼ਿਲ੍ਹਿਆਂ ਵਿੱਚ ਕਲੱਸਟਰ ਸਿਸਟਮ ਲਾਗੂ ਕਰਨ ਬਾਰੇ।

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਵੱਲੋਂ ਆਮ ਤੌਰ ਤੇ ਇਹ ਲੋੜ ਦਰਸਾਈ ਗਈ ਹੈ ਕਿ ਵੱਖ-ਵੱਖ ਸਕੂਲਾਂ ਦੀ ਪ੍ਰਭਾਵਸ਼ਾਲੀ ਮਾਨੀਟਰਿੰਗ ਲਈ ਕਲੱਸਟਰ ਸਿਸਟਮ ਨੂੰ ਚੰਗੀ ਤਰ੍ਹਾਂ ਕਾਇਮ ਕੀਤਾ ਜਾਵੇ ਅਤੇ ਕਲੱਸਟਰ ਇੰਚਾਰਜ ਦੀਆਂ ਜ਼ਿੰਮੇਵਾਰੀਆਂ ਅਤੇ ਉਸ ਨੂੰ ਦਿੱਤੇ ਜਾਣ ਵਾਲੀਆਂ ਸਹੂਲਤਾਂ ਬਾਰੇ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਜਾਣ। ਇਸ ਮੁੱਦੇ ਸੰਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਅਤੇ ਚੁਣਿੰਦਾ ਸਕੂਲ ਮੁੱਖੀਆਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਰਾਜ ਵਿੱਚ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਥਾਪਿਤ ਸਕੂਲਾਂ ਦੇ ਕਲੱਸਟਰਾਂ ਦੀ ਪਛਾਣ ਕੀਤੀ ਜਾਵੇ। ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਤੋਂ ਲੋੜੀਂਦੀ ਸੂਚਨਾ ਇਕੱਤਰ ਕਰਨ ਉਪਰੰਤ ਕਲੱਸਟਰਾਂ ਦੀ ਬਣਤਰ ਸੰਬੰਧੀ (ਅਨੁਲਗ ਨਾਲ ਨੱਥੀ ਹੈ) ਇਹ ਫੈਸਲਾ ਕੀਤਾ ਗਿਆ ਹੈ ਕਿ ਹਰੇਕ ਕਲੱਸਟਰ ਵਿਚਲੇ ਸੀਨੀਅਰ ਸੈਕੰਡਰੀ ਸਕੂਲ ਦਾ ਮੁੱਖੀ ਬਤੌਰ ਕਲੱਸਟਰ ਇੰਚਾਰਜ ਕੰਮ ਕਰੇਗਾ ਅਤੇ ਉਸ ਦੀ ਡਿਊਟੀ ਹੇਠ ਲਿਖੇ ਅਨੁਸਾਰ ਹੋਵੇਗੀ:-

2.1 ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਮੱਦੇਨਜ਼ਰ ਰੱਖਦਿਆਂ ਕਲੱਸਟਰ ਇੰਚਾਰਜ ਆਪਣੇ ਕਲੱਸਟਰ ਅਧੀਨ ਪੈਂਦੇ ਸਾਰੇ ਸੀਨੀਅਰ ਸੈਕੰਡਰੀ, ਹਾਈ, ਮਿਡਲ ਅਤੇ ਪ੍ਰਾਇਮਰੀ ਸਕੂਲਾਂ ਦੀਆਂ ਹਰ ਤਰ੍ਹਾਂ ਦੀਆਂ ਸਕੂਲ ਗਤੀਵਿਧੀਆਂ ਦਾ ਨਿਰੀਖਣ ਕਰਨਗੇ ਤਾਂ ਜੋ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਤੇ ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਵਿੱਦਿਆ ਦਾ ਅਧਿਕਾਰ ਕਾਨੂੰਨ 2009 ਦੀ ਲੋਅ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਈ ਕਲੱਸਟਰ ਪੱਧਰ ਤੇ ਅਧਿਆਪਕ ਤੋਂ ਉਸਾਰੂ ਅਤੇ ਰਚਨਾਤਮਕ ਸਹਿਯੋਗ ਲਿਆ ਜਾ ਸਕੇ।

ਚਾਲੂ ਪੰਨਾ..2

2.2 ਸਰਕਾਰੀ ਸਕੂਲਾਂ ਅੰਦਰ ਵਿਦਿਆਰਥੀਆਂ ਦਾ ਵੱਧ ਤੋਂ ਵੱਧ ਦਾਖਲਾ ਅਤੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ 100% ਯਕੀਨੀ ਬਣਾਉਣ ਲਈ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਦੀ ਜ਼ਿੰਮੇਵਾਰੀ ਕਲੱਸਟਰ ਇੰਚਾਰਜ ਦੀ ਹੋਵੇਗੀ।

2.3 ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵੱਲੋਂ ਸਿੱਖਿਆ ਵਿਭਾਗ ਦੀ ਬੇਹਤਰੀ ਲਈ ਚਲਾਏ ਗਏ ਐਸ.ਐਸ.ਏ., ਆਈ.ਸੀ.ਟੀ., ਐਜੂਸੈਂਟ ਆਦਿ ਪ੍ਰਾਜੈਕਟਾਂ ਸਬੰਧੀ ਸਕੂਲ ਮੁੱਖੀਆਂ ਨੂੰ ਅਗਵਾਈ ਪ੍ਰਦਾਨ ਕਰਨ ਦੇ ਨਾਲ-ਨਾਲ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਹਨਾਂ ਦੀ ਵਰਤੋਂ ਯਕੀਨੀ ਬਣਾਉਣਗੇ।

2.4 ਅਧਿਆਪਕਾਂ ਦੀਆਂ ਸੇਵਾ ਪੱਤਰੀਆਂ ਅਤੇ ਹੋਰ ਸਕੂਲ ਰਿਕਾਰਡ ਭਾਵੇਂ ਸਬੰਧਤ ਸਕੂਲ ਵਿਚ ਹੀ ਰਹੇਗਾ ਪਰ ਕਲੱਸਟਰ ਇੰਚਾਰਜ ਇਸ ਨੂੰ ਹਰ ਪੱਖੋਂ ਮੁਕੰਮਲ ਕਰਵਾਉਣਾ ਯਕੀਨੀ ਬਣਾਉਣਗੇ ਤਾਂ ਜੋ ਇਸ ਸਬੰਧੀ ਕਿਸੇ ਵੀ ਸਕੂਲ ਅਤੇ ਅਧਿਆਪਕ ਦਾ ਰਿਕਾਰਡ ਅਧੂਰਾ ਨਾ ਰਹਿ ਸਕੇ।

2.5 ਕਲੱਸਟਰ ਇੰਚਾਰਜ ਸਮੇਂ ਸਮੇਂ ਸਿਰ ਵਿਸ਼ਾ-ਮਾਹਿਰਾਂ ਦੀ ਟੀਮ ਨਾਲ ਸਕੂਲਾਂ ਦੇ ਵਿੱਦਿਅਕ ਪੱਧਰ ਦਾ ਨਿਰੀਖਣ ਕਰਕੇ ਇਸ ਦੀ ਬਿਹਤਰੀ ਲਈ ਯੋਗ ਅਗਵਾਈ ਵੀ ਦੇਣਗੇ ਅਤੇ ਨਿਰੀਖਣ ਦੀ ਰਿਪੋਰਟ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਵੀ ਭੇਜੀ ਜਾਵੇਗੀ।

2.6 ਅਧਿਆਪਕਾਂ ਦਾ ਆਰਜ਼ੀ ਪ੍ਰਬੰਧ ਕਲੱਸਟਰ ਇੰਚਾਰਜ ਆਪਣੇ ਕਲੱਸਟਰ ਵਿਚੋਂ ਬੱਚਿਆਂ ਦੀ ਗਿਣਤੀ ਨੂੰ ਮੁੱਖ ਰੱਖਦਿਆਂ ਹੋਰ ਸਕੂਲ ਵਿਚੋਂ ਕਰਨ ਦਾ ਯਤਨ ਕਰੇਗਾ ਅਤੇ ਇਸ ਦੀ ਸੂਚਨਾ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਦੇਣੀ ਜ਼ਰੂਰੀ ਹੋਵੇਗੀ।

2.7 ਕਲੱਸਟਰ ਇੰਚਾਰਜ ਆਪਣੇ ਕਲੱਸਟਰ ਵਿੱਚ ਪੈਂਦੇ ਸਕੂਲਾਂ ਦੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਅਧਿਆਪਕਾਂ ਦੀ ਘਾਟ/ਵਾਧ ਬਾਰੇ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਸੂਚਿਤ ਕਰਨਾ ਯਕੀਨੀ ਬਣਾਏਗਾ।

2.8 ਕਲੱਸਟਰ ਇੰਚਾਰਜ ਆਪਣੇ ਅਧੀਨ ਪੈਂਦੇ ਸਕੂਲਾਂ ਦੇ ਅਧਿਆਪਕਾਂ ਦੀਆਂ ਸ਼ਿਕਾਇਤਾਂ/ਸਮੱਸਿਆਵਾਂ ਨੂੰ ਸੰਜੀਦਗੀ ਨਾਲ ਵਿਚਾਰਦਿਆਂ ਹੋਇਆਂ ਉਸ ਦਾ ਢੁਕਵਾਂ ਹੱਲ ਕੱਢਣ ਦਾ ਯਤਨ ਕਰੇਗਾ।

2.9 ਕਲੱਸਟਰ ਇੰਚਾਰਜ ਆਪਣੇ ਅਧੀਨ ਪੈਂਦੇ ਸਕੂਲਾਂ ਦੇ ਅਧਿਆਪਕਾਂ, ਵਿਦਿਆਰਥੀਆਂ ਨਾਲ ਇਸ ਤਰ੍ਹਾਂ ਰਾਬਤਾ ਰੱਖੇਗਾ ਕਿ ਹਰ ਅਧਿਆਪਕ ਅਤੇ ਵਿਦਿਆਰਥੀ ਕਲੱਸਟਰ ਇੰਚਾਰਜ ਨੂੰ ਆਪਣੀਆਂ ਸਮੱਸਿਆਵਾਂ ਬਾਰੇ ਖੁੱਲ ਕੇ ਦੱਸ ਸਕਣ ਅਤੇ ਕਲੱਸਟਰ ਇੰਚਾਰਜ ਇਹਨਾਂ ਸਮੱਸਿਆਵਾਂ ਦਾ ਢੁਕਵਾਂ ਹੱਲ ਕਰਨ ਦੀ ਕੋਸ਼ਿਸ਼ ਕਰੇਗਾ।

2.10 ਕਲੱਸਟਰ ਇੰਚਾਰਜ ਆਪਣੇ ਖੇਤਰ ਵਿੱਚ ਪੈਂਦੇ ਐਫੀਲੀਏਟਿਡ (ਮਾਨਤਾ ਪ੍ਰਾਪਤ) ਸਕੂਲਾਂ ਵਿੱਚ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਸੰਬੰਧੀ ਵੀ ਨਿਰੀਖਣ ਕਰੇਗਾ।

ਚਾਲੂ ਪੰਨਾ..3

3.0 ਜ਼ਿਲ੍ਹਿਆਂ ਵਿੱਚ ਕਲੱਸਟਰ ਸਿਸਟਮ ਲਾਗੂ ਕਰਨ ਹਿਤ ਕਲੱਸਟਰ ਸਕੂਲਾਂ ਅਤੇ ਕਲੱਸਟਰ ਸਕੂਲ ਇੰਚਾਰਜਾਂ ਨੂੰ ਲੋੜੀਂਦਾ ਸਹਿਯੋਗੀ ਸਟਾਫ਼ ਅਤੇ ਬਿਲਡਿੰਗ/ਸਾਜ਼ੋ ਸਾਮਾਨ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦਿੱਤਾ ਜਾਵੇਗਾ।

3.1 ਕਲੱਸਟਰ ਸਕੂਲ ਇੰਚਾਰਜ ਨੂੰ ਆਪਣੇ ਅਧੀਨ ਪੈਂਦੇ ਸਕੂਲਾਂ ਨਾਲ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਨਾਲ ਤਾਲਮੇਲ ਕਰਨ ਲਈ ਕੰਪਿਊਟਰ ਸਿਸਟਮ, ਇੰਟਰਨੈਂਟ ਕੁਨੈਕਸ਼ਨ, ਫ਼ੈਕਸ ਮਸ਼ੀਨ, ਸਟੇਸ਼ਨਰੀ ਆਦਿ ਦਾ ਪ੍ਰਬੰਧ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਜਟ ਨੂੰ ਮੱਦੇਨਜ਼ਰ ਰੱਖਦੇ ਹੋਏ ਕੀਤਾ ਜਾਵੇਗਾ।

**ਮਿਤੀ ਚੰਡੀਗੜ੍ਹ 11-06-2010**

**ਮਨਦੀਪ ਸਿੰਘ ਸੰਧੂ, ਆਈ.ਏ.ਐਸ.**
**ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ**

ਪਿੱਠ ਅੰਕਣ ਨੰ: ਡਿਪਟੀ.ਐਸ.ਪੀ.ਡੀ/ਐਸ.ਐਸ.ਏ/2010/43831-857 ਮਿਤੀ 25-06-2010

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-**

1. ਪ੍ਰਾਈਵੇਟ ਸਕੱਤਰ ਮਾਣਯੋਗ ਸਿੱਖਿਆ ਮੰਤਰੀ, ਪੰਜਾਬ।
2. ਡੀ.ਪੀ.ਆਈ. (ਸੈ.ਸਿ.) ਪੰਜਾਬ, ਚੰਡੀਗੜ੍ਹ।
3. ਡੀ.ਪੀ.ਆਈ. (ਐ.ਸਿ.) ਪੰਜਾਬ, ਚੰਡੀਗੜ੍ਹ।
4. ਸੁਪਰਡੈਂਟ ਸਿੱਖਿਆ ਵਿਭਾਗ (ਸਿੱਖਿਆ-6 ਸ਼ਾਖਾ), ਪੰਜਾਬ।
5. **ਮੰਡਲ ਸਿੱਖਿਆ ਅਫਸਰ ਨਾਭਾ, ਫਰੀਦਕੋਟ, ਜਲੰਧਰ।**
6. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ**